BRAMPTON

**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਵਿੱਚ ਈ-ਸਕੂਟਰ ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤ ਹੋ ਰਹੀ ਹੈ

***ਇਹ ਪ੍ਰੋਗਰਾਮ ਪੂਰੀ ਤਰ੍ਹਾਂ ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਨੈੱਟਵਰਕ ਬਣਾਉਣ ਅਤੇ ਕਮਿਊਨਿਟੀਜ ਨੂੰ ਜੋੜਨ ਵਿੱਚ ਯੋਗਦਾਨ ਪਾਵੇਗਾ***

ਬ੍ਰੈਂਪਟਨ, ਓਨਟੈਰੀਓ (6 ਅਪ੍ਰੈਲ, 2023) – ਸਿਟੀ ਆਫ ਬ੍ਰੈਂਪਟਨ, ਨਿਊਰੋਨ ਮੋਬਿਲਿਟੀ (Neuron Mobility), ਬਰਡ ਕੈਨੇਡਾ (Bird Canada) ਅਤੇ ਸਕੂਟੀ ਮੋਬਿਲਿਟੀ (Scooty Mobility) ਦੇ ਨਾਲ ਭਾਈਵਾਲੀ ਵਿੱਚ, ਬ੍ਰੈਂਪਟਨ ਦੇ ਪਹਿਲੇ ਈ-ਸਕੂਟਰ ਪ੍ਰੋਗਰਾਮ ਦੀ ਸ਼ੁਰੂਆਤ ਕਰ ਰਹੀ ਹੈ।

ਸਿਟੀ ਆਫ ਬ੍ਰੈਂਪਟਨ ਵਿੱਚ ਜਨਤਾ ਦੀ ਵਰਤੋਂ ਲਈ, 750 ਸਕੂਟਰ ਉਪਲਬਧ ਹੋਣਗੇ।

ਵਰਤੋਂਕਾਰ, ਤਾਲਾਬੰਦ ਈ-ਸਕੂਟਰ ਤੱਕ ਪਹੁੰਚ ਕੇ, ਕਿਊ.ਆਰ. (QR) ਕੋਡ ਸਕੈਨ ਕਰਕੇ, ਐਪ ਡਾਊਨਲੋਡ ਕਰਕੇ, ਇਸਨੂੰ ਖੋਲ੍ਹਣ ਬਾਰੇ ਵਿਕਰੇਤਾ ਦੇ ਨਿਰਦੇਸ਼ਾਂ ਦੀ ਪਾਲਣਾ ਕਰਕੇ ਇਸਨੂੰ ਚਲਾ ਸਕਦੇ ਹਨ, ਇਹ ਵਸਨੀਕਾਂ ਨੂੰ ਦੂਜੇ ਸਥਿਰ ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਵਿਕਲਪ ਦੇ ਨਾਲ ਜੋੜ ਰਿਹਾ ਹੈ। ਈ-ਸਕੂਟਰਾਂ ਨੂੰ 50 ਕਿ.ਮੀ./ਘੰਟੇ ਜਾਂ ਘੱਟ ਸਪੀਡ ਸੀਮਾ ਨਾਲ ਸੜਕਾਂ, ਸਾਈਕਿਲ ਲੇਨਸ ਅਤੇ ਮਲਟੀ-ਯੂਜ ਰਸਤਿਆਂ ਤੇ ਚਲਾਇਆ ਜਾ ਸਕਦਾ ਹੈ। ਕੁਝ ਸਥਾਨਾਂ ਤੇ ਇਹਨਾਂ ਦੀ ਅਧਿਕਤਮ ਸਪੀਡ ਨੂੰ ਘਟਾ ਕੇ 15 ਕਿ.ਮੀ./ਘੰਟੇ ਤੇ ਕਰਦੇ ਹੋਏ, ਜਿਓ-ਫੈਂਸਿੰਗ ਦੇ ਨਾਲ, 20 ਕਿ.ਮੀ./ਘੰਟੇ ਤੱਕ ਚਲਾਇਆ ਜਾਵੇਗਾ। ਇਹ ਸਾਈਡਵਾਕਸ ਤੇ ਚਲਾਉਣ ਲਈ ਨਹੀਂ ਹਨ। ਜੇਕਰ ਈ-ਸਕੂਟਰ ਨੂੰ ਕਿਸੇ ਨੋ-ਰਾਈਡਿੰਗ ਲਈ ਤੈਅ ਜ਼ੋਨ ਵਿੱਚ ਲਿਜਾਇਆ ਜਾਂਦਾ ਹੈ, ਤਾਂ ਵਾਹਨ ਆਪਣੇ ਆਪ ਬੰਦ ਹੋ ਜਾਵੇਗਾ ਅਤੇ ਵਰਤੋਂਕਾਰ ਨੂੰ ਸੂਚਨਾ ਮਿਲੇਗੀ ਕਿ ਉਹਨਾਂ ਨੂੰ ਇਸਨੂੰ ਇਜਾਜ਼ਤ ਵਾਲੇ ਖੇਤਰ ਵਿੱਚ ਹੀ ਲਿਜਾਣਾ ਚਾਹੀਦਾ ਹੈ।

ਸਿਟੀ ਆਫ ਬ੍ਰੈਂਪਟਨ, ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਪ੍ਰੋਗਰਾਮਾਂ ਨੂੰ ਤਰਜੀਹ ਦੇ ਰਹੀ ਹੈ ਅਤੇ ਸੰਪੂਰਣ ਸਟ੍ਰੀਟਸ ਨਾਲ ਜੁੜੇ ਸਮੁੱਚੇ ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਨੈੱਟਵਰਕ ਤਿਆਰ ਕਰਦੇ ਹੋਏ, ਵੱਧ ਜੁੜੀਆਂ ਹੋਈਆਂ ਕਮਿਊਨਿਟੀਜ ਬਣਾਉਣ ਦੀ ਯੋਜਨਾ ਬਣਾ ਰਹੀ ਹੈ।

ਜਨਵਰੀ 2021 ਵਿੱਚ, ਸੂਬੇ ਨੇ ਮਿਊਨਿਸਿਪਲਟੀਜ ਨੂੰ ਈ-ਸਕੂਟਰਾਂ ਦੀ ਵਰਤੋਂ ਨੂੰ ਰੈਗੂਲੇਟ ਕਰਨ ਦੀ ਇਜਾਜ਼ਤ ਦਿੰਦੇ ਹੋਏ, ਪੰਜ-ਸਾਲਾ ਇਲੈਕਟ੍ਰਿਕ ਕਿੱਕ-ਸਕੂਟਰ (Kick-Scooter) ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਸੀ। ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਦੇ ਮੂਲ ਅਧਾਰ ਵਜੋਂ, ਈ-ਸਕੂਟਰ ਪ੍ਰੋਗਰਾਮ ਵਸਨੀਕਾਂ ਨੂੰ, ਕਮਿਊਨਿਟੀਜ, ਸੇਵਾਵਾਂ ਅਤੇ ਕਾਰੋਬਾਰਾਂ ਨੂੰ ਡਾਊਨਟਾਊਨ ਦੇ ਕੇਂਦਰ ਅਤੇ ਬ੍ਰੈਂਪਟਨ ਦੇ ਨੇਬਰਹੁੱਡਸ ਨਾਲ ਜੋੜੇਗਾ।

ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ, ਇੱਕੋ ਸਵਾਰੀ ਵਾਲੇ ਵਾਹਨ ਦੀਆਂ ਟ੍ਰਿੱਪਾਂ ਨੂੰ ਘਟਾਉਣ ਲਈ ਅਤੇ ਕਮਿਊਨਿਟੀ ਡਿਜ਼ਾਈਨ ਦੇ ਮੇਜਬਾਨ ਅਤੇ ਪਬਲਿਕ ਹੈਲਥ ਸਬੰਧੀ ਸਮੱਸਿਆਵਾਂ ਤੇ ਧਿਆਨ ਦੇਣ ਲਈ, ਸ਼ਾਨਦਾਰ ਅਨੋਖੇ ਮੌਕਿਆਂ ਵਿੱਚੋਂ ਇੱਕ ਹੈ। ਈ-ਸਕੂਟਰ ਪ੍ਰੋਗਰਾਮ ਉਹ ਤਰੀਕਾ ਹੈ, ਜਿਸ ਉੱਤੇ ਸਿਟੀ ਆਫ ਬ੍ਰੈਂਪਟਨ ਇੱਕ ਵਿਆਪਕ ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਨੈੱਟਵਰਕ ਬਣਾਉਣ ਲਈ ਕੰਮ ਕਰ ਰਹੀ ਹੈ।

ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਮਾਸਟਰ ਪਲਾਨ (ਏ.ਟੀ.ਐਮ.ਪੀ.) (Active Transportation Master Plan) (ATMP), ਸਿਵਿਕ ਸਥਿਰਤਾ ਵਿੱਚ ਯੋਗਦਾਨ ਪਾਉਣ ਅਤੇ ਪੈਦਲ ਚੱਲਣ, ਸਾਈਕਲ ਚਲਾਉਣ ਅਤੇ ਟ੍ਰਾਂਜ਼ਿਟ ਤੇ ਜ਼ੋਰ ਦਿੰਦੇ ਹੋਏ, ਸੁਰੱਖਿਅਤ, ਏਕੀਕ੍ਰਿਤ ਟ੍ਰਾਂਸਪੋਰਟੇਸ਼ਨ ਵਿਕਲਪਾਂ ਦੇ ਮੋਜੈਕ ਲਈ, ਬ੍ਰੈਂਪਟਨ ਦੇ 2040 ਵਿਜਨ (Brampton’s 2040 Vision) ਦੀ ਹਿਮਾਇਤ ਲਈ ਨੈੱਟਵਰਕ ਪਲਾਨ, ਪਾਲਸੀਆਂ ਅਤੇ ਪ੍ਰੋਗਰਾਮ ਪ੍ਰਦਾਨ ਕਰਦਾ ਹੈ।

ਸਿਟੀ, escooters@brampton.ca ਦੇ ਦੁਆਰਾ ਨਾਗਰਿਕਾਂ ਦੇ ਫੀਡਬੈਕ ਦਾ ਨਿਰੀਖਣ ਕਰੇਗੀ। ਵਧੇਰੇ ਜਾਣਕਾਰੀ ਲਈ, www.brampton.ca/escooters ਤੇ ਜਾਓ।

**ਮਹੱਤਵਪੂਰਨ ਲਿੰਕ:**

- ਬਰਡ ਮਾਈਕ੍ਰੋ-ਇਲੈਕਟ੍ਰਿਕ ਮੋਬਿਲਿਟੀ: ਸ਼ਹਿਰਾਂ ਲਈ ਇਲੈਕਟ੍ਰਿਕ ਬਾਈਕਾਂ ਅਤੇ ਸਕੂਟਰ (Bird Micro-Electric Mobility: Electric Bikes and Scooters For Cities)
- ਨਿਊਰੋਨ ਮੋਬਿਲਿਟੀ: ਸੁਰੱਖਿਆ ਦੇਣ ਵਾਲੇ ਈ-ਸਕੂਟਰ ਅਤੇ ਈ-ਬਾਈਕ ਓਪਰੇਟਰ (Neuron Mobility: Safety-leading e-scooter and e-bike operator) (rideneuron.com)
- ਸਕੂਟੀ | ਸਵਾਰੀਆਂ ਸ਼ੇਅਰ ਕਰਨਾ, ਇਲੈਕਟ੍ਰਿਕ ਸਕੂਟਰ, ਇਲੈਕਟ੍ਰਿਕ ਬਾਈਕਾਂ, ਐਕਸੈਸਰੀਜ ਸਟੋਰ (SCOOTY | Ridesharing, Electric Scooters, Electric Bikes, Accessories Store) (ridescooty.com)
- ਸਿਟੀ ਆਫ ਬ੍ਰੈਂਪਟਨ ਦਾ ਸਾਈਕਲਿੰਗ ਅਤੇ ਟ੍ਰੇਲਸ ਨਕਸ਼ਾ (City of Brampton Cycling and Trails Map)

**ਹਵਾਲੇ**

"ਪਹੁੰਚਯੋਗ ਅਤੇ ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਪੇਸ਼ ਕਰਨਾ, ਸਿਟੀ ਲਈ ਤਰਜੀਹ ਹੈ ਅਤੇ ਇਹ ਪਾਇਲਟ ਪ੍ਰੋਗਰਾਮ ਇਹ ਕਰਨ ਦਾ ਇੱਕ ਤਰੀਕਾ ਹੈ। ਸਾਨੂੰ ਬ੍ਰੈਂਪਟਨ ਦੇ ਵਸਨੀਕਾਂ ਅਤੇ ਵਿਜੀਟਰਸ ਵਾਸਤੇ ਮੌਕੇ ਵਧਾਉਣ ਲਈ ਸਾਡੇ ਭਾਈਵਾਲਾਂ ਨਾਲ ਮਿਲਕੇ ਕੰਮ ਕਰਨ ਦੀ ਬੇਹੱਦ ਖੁਸ਼ੀ ਹੈ। ਅਸੀਂ ਲੋਕਾਂ ਨੂੰ ਉਹਨਾਂ ਥਾਵਾਂ ਅਤੇ ਸਥਾਨਾਂ ਨਾਲ ਜੋੜ ਰਹੇ ਹਾਂ, ਜੋ ਸਾਡੇ ਸ਼ਹਿਰ ਨੂੰ ਇੰਨਾ ਸ਼ਾਨਦਾਰ ਬਣਾਉਂਦੇ ਹਨ ਅਤੇ ਕਮਿਉਨਿਟੀ ਵਿੱਚ ਆਪਣੇਪਣ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੇ ਹਨ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਕੂਟੀ ਨੂੰ ਇਹ ਐਲਾਨ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਸਾਡੀ ਈ-ਸਕੂਟਰ ਸੇਵਾ ਹੁਣ ਸਿਟੀ ਆਫ ਬ੍ਰੈਂਪਟਨ ਵਿੱਚ ਉਪਲਬਧ ਹੈ। ਸਕੂਟੀ ਨੂੰ, ਬ੍ਰੈਂਪਟਨ ਦੀ ਮਾਈਕ੍ਰੋਮੋਬਿਲਿਟੀ ਕੰਪਨੀ ਹੋਣ ਤੇ ਮਾਣ ਹੈ, ਜੋ ਈ-ਸਕੂਟਰ ਉਦਯੋਗ ਲਈ ਕੈਨੇਡਾ ਦਾ ਜਵਾਬ ਹੈ। ਅਸੀਂ ਭਾਈਵਾਲੀ-ਅਧਾਰਿਤ ਮਾਈਕ੍ਰੋਮੋਬਿਲਿਟੀ ਦੀ ਸਾਡੀ ਧਾਰਨਾ ਨੂੰ, 2019 ਵਿੱਚ ਸਿਟੀ ਆਫ ਬ੍ਰੈਂਪਟਨ ਵਿੱਚ ਲਿਆਏ ਸੀ ਅਤੇ 2020 ਵਿੱਚ ਸ਼ਹਿਰ ਦੇ ਨਾਲ ਆਪਣਾ ਪਹਿਲਾ ਪਾਇਲਟ ਪ੍ਰੋਜੈਕਟ ਚਲਾਇਆ ਸੀ। ਹੁਣ ਸਕੂਟੀ, ਵਸਨੀਕਾਂ ਅਤੇ ਆਉਣ ਵਾਲਿਆਂ ਵਾਸਤੇ ਰੋਜ਼ਾਨਾ ਆਉਣ ਜਾਣ ਅਤੇ ਯਾਤਰਾ ਕਰਨ ਦੇ ਤਰੀਕੇ ਨੂੰ ਬਦਲਣ ਦੇ ਸਾਡੇ ਟੀਚੇ ਨੂੰ ਪੂਰਾ ਕਰਨ ਲਈ ਬ੍ਰੈਂਪਟਨ ਵਿੱਚ ਵਾਪਸ ਪਰਤ ਆਈ ਹੈ। ਬ੍ਰੈਂਪਟਨ ਵਿੱਚ ਗਤੀਸ਼ੀਲਤਾ ਦਾ ਭਵਿੱਖ ਮਲਟੀਮਾਡਲ ਹੈ ਅਤੇ ਅਸੀਂ ਤੁਹਾਡੇ ਲਈ ਉਹਨਾਂ ਟ੍ਰਿੱਪਾਂ ਨੂੰ ਹੋਰ ਅਸਾਨ ਬਣਾਉਣ ਲਈ ਮੌਜੂਦ ਹਾਂ।"

- *ਸ਼ੋਏਬ ਅਹਿਮਦ (Shoaib Ahmed), ਫਾਊਂਡਰ ਅਤੇ ਸੀ.ਈ.ਓ., ਸਕੂਟੀ*

"ਕਿਉਂਕਿ ਪਹਿਲੀ ਵਾਰ ਬਰਡ ਨੂੰ ਕੈਨੇਡਾ ਅਸੀਂ ਵਿੱਚ ਲਿਆਏ ਸੀ, ਅਸੀਂ ਦੇਖਿਆ ਹੈ ਕਿ ਬਹੁਤ ਸਾਰੇ ਲੋਕ ਆਪਣੇ ਸ਼ਹਿਰਾਂ ਵਿੱਚ ਇੱਧਰ-ਉੱਧਰ ਜਾਣ ਲਈ ਈ-ਸਕੂਟਰਾਂ ਨੂੰ ਭਰੋਸੇਮੰਦ, ਸਸਤੇ ਅਤੇ ਸਥਿਰ ਤਰੀਕੇ ਵਜੋਂ ਅਪਨਾਉਂਦੇ ਹਨ, ਬ੍ਰੈਂਪਟਨ ਇੱਕ ਜੋਸ਼ੀਲੀ ਕਮਿਉਨਿਟੀ ਹੈ ਅਤੇ ਸਾਨੂੰ ਇੱਥੇ ਸਾਂਝੇ ਮਾਈਕ੍ਰੋਮੋਬਿਲਿਟੀ ਪ੍ਰੋਗਰਾਮ ਦਾ ਹਿੱਸਾ ਬਣਨ ਤੇ ਮਾਣ ਹੈ। ਅਸੀਂ, ਪੂਰੀ ਪ੍ਰਕਿਰਿਆ ਵਿੱਚ ਬ੍ਰੈਂਪਟਨ ਦੇ ਸਾਰੇ ਲੀਡਰਾਂ ਦੇ ਵਿਚਾਰਸ਼ੀਲ ਅਤੇ ਸਹਿਯੋਗ ਭਰੇ ਦ੍ਰਿਸ਼ਟੀਕੋਣ ਲਈ ਉਹਨਾਂ ਦੇ ਧੰਨਵਾਦੀ ਹਾਂ।"

- *ਸਟੀਵਾਰਟ ਲਿਓਨਸ (Stewart Lyons), ਪ੍ਰੈਜ਼ੀਡੈਂਟ, ਬਰਡ*

"ਅਸੀਂ, ਸੁਰੱਖਿਅਤ, ਸਮਾਰਟ ਅਤੇ ਸਥਿਰ ਯਾਤਰਾ ਵਿਕਲਪਾਂ ਤੱਕ ਵਧੇਰੇ ਪਹੁੰਚ ਦੁਆਰਾ, ਕਮਿਉਨਿਟੀ ਤੇ ਸਕਾਰਾਤਮਕ ਪ੍ਰਭਾਵ ਪਾਉਣ ਲਈ ਸਿਟੀ ਆਫ ਬ੍ਰੈਂਪਟਨ ਦੇ ਨਾਲ ਭਾਈਵਾਲੀ ਕਰਨ ਤੇ ਉਤਸ਼ਾਹਿਤ ਹਾਂ। ਨਿਊਰੋਨ ਵਿਖੇ, ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ, ਸਾਡਾ ਈ-ਸਕੂਟਰ ਡਿਜ਼ਾਈਨ ਇਸਨੂੰ ਦਰਸਾਉਂਦਾ ਹੈ ਅਤੇ ਇਹ ਵੀ ਦੱਸਦਾ ਹੈ ਕਿ ਅਸੀਂ ਉਹਨਾਂ ਨੂੰ ਕਿਵੇਂ ਸੰਚਾਲਿਤ ਕਰਦੇ ਹਾਂ। ਸਾਡੇ ਈ-ਸਕੂਟਰ ਬਿਲਕੁੱਲ ਆਧੁਨਿਕ ਸੁਰੱਖਿਆ ਵਿਸ਼ੇਸ਼ਤਾਵਾਂ

ਨਾਲ ਭਰਪੂਰ ਹਨ ਅਤੇ ਹੋਰਾਂ ਸ਼ਹਿਰਾਂ ਵਿੱਚ ਹੋਏ ਅਨੁਭਵ ਦੁਆਰਾ ਅਸੀਂ ਜਾਣਦੇ ਹਾਂ ਕਿ ਰਾਈਡਰ ਇਸਦੀ ਬਹੁਤ ਪ੍ਰਸ਼ੰਸਾ ਕਰਦੇ ਹਨ। ਭਵਿੱਖ ਵਿੱਚ ਰਾਈਡਸ ਵਾਸਤੇ ਮੁਫਤ ਕ੍ਰੈਡਿਟ ਪ੍ਰਾਪਤ ਕਰਨ ਲਈ, ਸਾਡੀ ਔਨਲਾਈਨ ScootSafe ਅਕੈਡਮੀ ਵਿਖੇ ਰਾਈਡਰਾਂ ਦਾ ਸੁਆਗਤ ਹੈ। ਅਸੀਂ ਸਾਰੇ ਰਾਈਡਰਾਂ ਨੂੰ ਇਹ ਵੀ ਯਾਦ ਕਰਾਉਣਾ ਚਾਹੁੰਦੇ ਹਾਂ ਕਿ ਕਦੇ ਵੀ ਸ਼ਰਾਬ ਪੀ ਕੇ ਸਕੂਟਰ ਨਾ ਚਲਾਓ, ਇਸਦੀ ਪਾਰਕਿੰਗ ਜ਼ਿੰਮੇਵਾਰੀ ਨਾਲ ਕਰੋ ਅਤੇ ਉਹਨਾਂ ਨੂੰ ਹੈਲਮੇਟਾਂ ਨਾਲ ਸੁਰੱਖਿਅਤ ਰੱਖੋ, ਜੋ ਸਾਡੇ ਈ-ਸਕੂਟਰਾਂ ਤੇ ਪ੍ਰਦਾਨ ਕੀਤੇ ਜਾਂਦੇ ਹਨ।”

- *ਅੰਕੁਸ਼ ਕਰਵਾਲ (Ankush Karwal), ਨਿਊਰੋਨ ਮੋਬਿਲਿਟੀ ਵਿਖੇ ਕੈਨੇਡਾ ਲਈ ਹੈੱਡ ਆਫ ਮਾਰਕੀਟ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca